# 2027-2030 ਕੈਪੀਟਲ ਪਲਾਨ (ਪੂੰਜੀ ਯੋਜਨਾ)

## ਕੈਪੀਟਲ ਪਲਾਨ ਕੀ ਹੈ?

ਕੈਪੀਟਲ ਪਲਾਨ ਇੱਕ ਚਾਰ-ਸਾਲਾ ਨਿਵੇਸ਼ ਯੋਜਨਾ ਹੈ ਜੋ ਬੁਨਿਆਦੀ ਢਾਂਚੇ ਅਤੇ ਉਹਨਾਂ ਸਹੂਲਤਾਂ ਨੂੰ ਬਣਾਏ ਰੱਖਣ, ਨਵਿਆਉਣ ਅਤੇ ਸੁਧਾਰਨ ਵਿੱਚ ਮਦਦ ਕਰਦੀ ਹੈ ਜਿਨ੍ਹਾਂ 'ਤੇ ਲੋਕ ਹਰ ਰੋਜ਼ ਨਿਰਭਰ ਕਰਦੇ ਹਨ। ਇਸ ਵਿੱਚ ਪਾਰਕ, ਸੜਕਾਂ ਅਤੇ ਸਾਈਡਵਾਕ, ਪਾਣੀ ਅਤੇ ਸੀਵਰ ਸਿਸਟਮ, ਕਮਿਊਨਿਟੀ ਸੈਂਟਰ, ਲਾਇਬ੍ਰੇਰੀਆਂ, ਜਨਤਕ ਸੁਰੱਖਿਆ ਸਹੂਲਤਾਂ ਅਤੇ ਹੋਰ ਨਾਗਰਿਕ ਬੁਨਿਆਦੀ ਢਾਂਚਾ ਸ਼ਾਮਲ ਹੈ।

**ਡ੍ਰਾਫਟ 2027-2030 ਕੈਪੀਟਲ ਪਲਾਨ ਵਿੱਚ 3.5 ਬਿਲੀਅਨ ਡਾਲਰ ਦੇ ਪੂੰਜੀਗਤ ਨਿਵੇਸ਼ਾਂ (ਅਤੇ ਵਿਕਾਸ ਪ੍ਰੋਜੈਕਟਾਂ ਰਾਹੀਂ 0.1 ਬਿਲੀਅਨ ਡਾਲਰ ਮੁੱਲ ਦੀਆਂ ਵਸਤੂਆਂ ਦੇ ਰੂਪ ਵਿੱਚ ਜਨਤਕ ਸਹੂਲਤਾਂ) ਦਾ ਪ੍ਰਸਤਾਵ ਹੈ।** ਇਹ ਨਿਵੇਸ਼ ਵੈਨਕੂਵਰ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਮਦਦ ਕਰਦੇ ਹਨ ਅਤੇ ਸ਼ਹਿਰ ਭਰ ਵਿੱਚ ਜੀਵਨ ਦੀ ਗੁਣਵੱਤਾ ਦਾ ਸਮਰਥਨ ਕਰਦੇ ਹਨ — ਜਿਸ ਵਿੱਚ ਸ਼ਾਮਲ ਹੈ ਕਿ ਲੋਕ ਕਿਵੇਂ ਇੱਧਰ-ਉੱਧਰ ਜਾਂਦੇ ਹਨ, ਸੇਵਾਵਾਂ ਤੱਕ ਪਹੁੰਚ ਕਰਦੇ ਹਨ, ਭਾਈਚਾਰੇ ਨਾਲ ਜੁੜਦੇ ਹਨ, ਜਨਤਕ ਸਥਾਨਾਂ ਦਾ ਆਨੰਦ ਮਾਣਦੇ ਹਨ ਅਤੇ ਜ਼ਰੂਰੀ ਸੇਵਾਵਾਂ ਪ੍ਰਾਪਤ ਕਰਦੇ ਹਨ।

ਕੈਪੀਟਲ ਪਲਾਨ ਫੰਡਿੰਗ ਦਾ ਇੱਕ ਵੱਡਾ ਹਿੱਸਾ ਮੌਜੂਦਾ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਦੀ ਸਾਂਭ-ਸੰਭਾਲ ਅਤੇ ਉਹਨਾਂ ਨੂੰ ਨਵਿਆਉਣ ਲਈ ਵਰਤਿਆ ਜਾਂਦਾ ਹੈ ਤਾਂ ਜੋ ਉਹਨਾਂ ਨੂੰ ਸੁਰੱਖਿਅਤ, ਭਰੋਸੇਮੰਦ ਅਤੇ ਚੰਗੀ ਸਥਿਤੀ ਵਿੱਚ ਰੱਖਿਆ ਜਾ ਸਕੇ। ਵਾਧੂ ਨਿਵੇਸ਼ ਭਵਿੱਖ ਦੇ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਦਾ ਸਮਰਥਨ ਕਰਦੇ ਹਨ ਜੋ ਵੱਧ ਰਹੇ ਸ਼ਹਿਰ ਅਤੇ ਆਬਾਦੀ ਨੂੰ ਸੇਵਾ ਦੇਣ ਲਈ ਜ਼ਰੂਰੀ ਹਨ।

ਵੈਨਕੂਵਰ ਸਿਟੀ ਕੌਂਸਲ ਨੇ 2027–2030 ਦੇ ਡ੍ਰਾਫਟ ਕੈਪੀਟਲ ਪਲਾਨ ਦੇ ਵਿਕਾਸ ਲਈ ਦਿਸ਼ਾ-ਨਿਰਦੇਸ਼ ਪ੍ਰਦਾਨ ਕੀਤੇ। ਇਸ ਵਿੱਚ ਸੜਕਾਂ ਅਤੇ ਫੁੱਟਪਾਥਾਂ ਵਿੱਚ $104 ਮਿਲੀਅਨ ਅਤੇ ਪੂਰੇ ਸ਼ਹਿਰ ਵਿੱਚ ਭਾਈਚਾਰਕ ਮਨੋਰੰਜਨ ਸਹੂਲਤਾਂ ਲਈ $400 ਮਿਲੀਅਨ ਦੇ ਮਹੱਤਵਪੂਰਨ, ਵਧਾਏ ਗਏ ਨਿਵੇਸ਼ ਸ਼ਾਮਲ ਹਨ।

## ਡ੍ਰਾਫਟ 2027–2030 ਕੈਪੀਟਲ ਪਲਾਨ ਵਿੱਚ ਕਿਸ ਕਿਸਮ ਦੇ ਬੁਨਿਆਦੀ ਢਾਂਚੇ ਨੂੰ ਸ਼ਾਮਲ ਕੀਤਾ ਗਿਆ ਹੈ?


ਡ੍ਰਾਫਟ ਕੈਪੀਟਲ ਪਲਾਨ ਵਿੱਚ ਬੁਨਿਆਦੀ ਢਾਂਚੇ ਜਾਂ ਸਹੂਲਤਾਂ ਦੀਆਂ 11 ਸ਼੍ਰੇਣੀਆਂ ਸ਼ਾਮਲ ਹਨ:

- ਪੀਣ ਵਾਲਾ ਪਾਣੀ, ਮੀਂਹ ਦਾ ਪਾਣੀ ਅਤੇ ਗੰਦਾ ਪਾਣੀ
- ਨਾਗਰਿਕ ਸਹੂਲਤਾਂ ਅਤੇ ਉਪਕਰਨ
- ਰਹਿੰਦ-ਖੂੰਹਦ ਅਤੇ ਊਰਜਾ ਉਪਯੋਗਤਾ
- ਜਨਤਕ ਸੁਰੱਖਿਆ
- ਟੈਕਨਾਲੋਜੀ
- ਜਲਵਾਯੂ ਅਤੇ ਭੂਚਾਲਾਂ ਪ੍ਰਤੀ ਲਚਕੀਲਾਪਣ
- ਸੜਕਾਂ
- ਕਲਾ, ਸੱਭਿਆਚਾਰ ਅਤੇ ਵਿਰਾਸਤ
- ਪਾਰਕ ਅਤੇ ਜਨਤਕ ਖੁੱਲ੍ਹੀਆਂ ਥਾਵਾਂ
- ਭਾਈਚਾਰਕ ਸਹੂਲਤਾਂ (ਬਾਲ ਦੇਖਭਾਲ ਸਮੇਤ)
- ਰਿਹਾਇਸ਼

## ਸ਼੍ਰੇਣੀ ਅਨੁਸਾਰ ਬੁਨਿਆਦੀ ਢਾਂਚੇ ਲਈ ਫੰਡਿੰਗ

ਹੇਠਾਂ ਦਿੱਤੀ ਸਾਰਣੀ ਵਿੱਚ ਇਸ ਬਾਰੇ ਰੂਪਰੇਖਾ ਦਿੱਤੀ ਗਈ ਹੈ ਕਿ ਸਿਟੀ ਤੋਂ ਯੋਗਦਾਨਾਂ (ਪ੍ਰਾਪਰਟੀ ਟੈਕਸ, ਪਾਣੀ ਅਤੇ ਸੀਵਰ ਫ਼ੀਸ, ਅਤੇ ਮੌਜੂਦਾ ਰਿਜ਼ਰਵ), ਵਿਕਾਸ ਯੋਗਦਾਨਾਂ (ਨਕਦੀ ਅਤੇ ਚੀਜ਼ਾਂ) ਅਤੇ ਭਾਈਵਾਲਾਂ ਦੇ ਸੰਬੰਧ ਵਿੱਚ 11 ਸ਼੍ਰੇਣੀਆਂ ਵਿੱਚੋਂ ਹਰੇਕ ਲਈ ਕਿੰਨੇ ਪੈਸੇ ਦਾ ਪ੍ਰਸਤਾਵ ਦਿੱਤਾ ਗਿਆ ਹੈ।

### ਡ੍ਰਾਫਟ ਕੈਪੀਟਲ ਪਲਾਨ ਵਿੱਚ ਫੰਡਿੰਗ ਸਰੋਤ ਅਨੁਸਾਰ ਪ੍ਰਸਤਾਵਿਤ ਨਿਵੇਸ਼ ($ ਮਿਲੀਅਨ)



## ਡ੍ਰਾਫਟ 2027-2030 ਕੈਪੀਟਲ ਪਲਾਨ ਦੀਆਂ ਮੁੱਖ ਵਿਸ਼ੇਸ਼ਤਾਵਾਂ

ਇਹ ਡ੍ਰਾਫਟ ਕੈਪੀਟਲ ਪਲਾਨ ਵਿੱਚ ਸਭ ਤੋਂ ਮਹੱਤਵਪੂਰਨ ਪ੍ਰੋਜੈਕਟ ਅਤੇ ਨਿਵੇਸ਼ ਹਨ। ਇਹਨਾਂ ਵਿੱਚ ਵੱਡੇ ਅੱਪਗ੍ਰੇਡ, ਚੱਲ ਰਹੇ ਪ੍ਰੋਗਰਾਮ, ਅਤੇ ਟੀਚਾਬੱਧ ਨਿਵੇਸ਼ ਸ਼ਾਮਲ ਹਨ ਜੋ ਪੂਰੇ ਸ਼ਹਿਰ ਵਿੱਚ ਕੌਂਸਲ ਦੀਆਂ ਤਰਜੀਹਾਂ ਅਤੇ ਜੀਵਨ ਦੀ ਗੁਣਵੱਤਾ ਦਾ ਸਮਰਥਨ ਕਰਦੇ ਹਨ।

**ਪੀਣ ਵਾਲਾ ਪਾਣੀ, ਮੀਂਹ ਦਾ ਪਾਣੀ ਅਤੇ ਗੰਦਾ ਪਾਣੀ ($989 M)**

- ਪੁਰਾਣੇ ਹੋ ਰਹੇ ਪਾਣੀ ਅਤੇ ਸੀਵਰ ਪਾਈਪਾਂ ਨੂੰ ਬਦਲਣਾ
- ਵਿਕਾਸ ਦਾ ਸਮਰਥਨ ਕਰਨ ਲਈ ਨਵਾਂ ਅਤੇ ਅੱਪਗ੍ਰੇਡ ਕੀਤਾ ਪਾਣੀ, ਸੀਵਰ, ਹਰਿਆਲੀ ਅਤੇ ਹੜ੍ਹ ਸੁਰੱਖਿਆ ਦਾ ਬੁਨਿਆਦੀ ਢਾਂਚਾ ਪਰ੍ਦਾਨ ਕਰਨਾ

**ਭਾਈਚਾਰਕ ਸਹੂਲਤਾਂ (ਬਾਲ ਦੇਖਭਾਲ ਸਮੇਤ) ($558 M)**

- ਪੁਰਾਣੇ ਹੋ ਰਹੇ ਭਾਈਚਾਰਕ ਕੇਂਦਰਾਂ ਦਾ ਨਵੀਨੀਕਰਨ, ਮੁੜ ਨਿਰਮਾਣ ਅਤੇ ਮੁਰੰਮਤ
- ਭਾਈਚਾਰੇ ਨੂੰ ਸੇਵਾ ਦੇਣ ਵਾਲੀਆਂ ਸੰਪਤੀਆਂ ਨੂੰ ਚੰਗੀ ਕੰਮਕਾਜੀ ਹਾਲਤ ਵਿੱਚ ਰੱਖਣਾ
- ਮਾਰਪੋਲ ਅਤੇ ਸਨਸੈਟ ਕਮਿਊਨਿਟੀ ਸੈਂਟਰਾਂ ਵਿਖੇ ਨਵੇਂ ਪੂਲਾਂ ਦੀ ਯੋਜਨਾ ਬਣਾਉਣੀ/ਨਵੇਂ ਪੂਲਾਂ ਨੂੰ ਡਿਜ਼ਾਇਨ ਕਰਨਾ
- ਬ੍ਰਿਟੈਨੀਆ ਕਮਿਉਨਿਟੀ ਸੈਂਟਰ ਅਤੇ ਪੂਲ, ਕਿਟਸੀਲਾਨੋ ਪੂਲ, ਅਤੇ ਨਵੇਂ 50 ਮੀਟਰ ਪੂਲ ਦੀ ਯੋਜਨਾ ਬਣਾਉਣਾ/ਡਿਜ਼ਾਈਨ ਕਰਨਾ
- ਨਵੀਆਂ ਬਾਲ-ਦੇਖਭਾਲ ਥਾਵਾਂ ਪ੍ਰਦਾਨ ਕਰਨੀਆਂ

**ਪਾਰਕ ਅਤੇ ਜਨਤਕ ਖੁੱਲ੍ਹੀਆਂ ਥਾਵਾਂ ($278 M)**

- ਟ੍ਰਿਲੀਅਮ ਵਿਖੇ ਸਿੰਥੈਟਿਕ ਟਰਫ ਫੀਲਡ ਨੂੰ ਬਦਲਣਾ ਅਤੇ ਬੀਕਨਸਫੀਲਡ ਪਾਰਕ ਵਿਖੇ ਨਵਾਂ ਬਣਾਉਣਾ
- ਸਥਾਈ ਪਲਾਜ਼ਾ, ਰੌਬਸਨ ਫੈਨ ਜ਼ੋਨ ਅਤੇ ਵਪਾਰਕ ਹਾਈ ਸਟ੍ਰੀਟ ਵਿਕਸਿਤ ਕਰਨੇ
- ਨਵੇਂ ਰੁੱਖ ਲਗਾਉਣੇ ਅਤੇ ਰੁੱਖਾਂ ਲਈ ਖੱਡੇ ਬਣਾਉਣੇ

**ਜਨਤਕ ਸੁਰੱਖਿਆ ($205 M)**

- ਨਵਾਂ ਫਾਇਰਹਾਲ 2 ਬਣਾਉਣਾ
- ਪੁਲਿਸ, ਮਰੀਨ ਅਤੇ ਫਾਇਰ ਵਾਹਨਾਂ ਅਤੇ ਉਪਕਰਨਾਂ ਨੂੰ ਬਦਲਣਾ

**ਟੈਕਨਾਲੋਜੀ ($93 M)**

- ਐਂਟਰਪ੍ਰਾਈਜ਼ ਪਲੇਟਫਾਰਮਾਂ ਅਤੇ ਡਿਜੀਟਲ ਸੇਵਾ ਡਿਲੀਵਰੀ ਨੂੰ ਆਧੁਨਿਕ ਬਣਾਉਣਾ
- ਸਾਈਬਰ ਸੁਰੱਖਿਆ, ਲਚਕੀਲੇਪਣ, ਅਤੇ ਮਹੱਤਵਪੂਰਨ ਸੇਵਾਵਾਂ ਦੀ ਨਿਰੰਤਰਤਾ ਨੂੰ ਮਜ਼ਬੂਤ ਕਰਨਾ
- ਡੇਟਾ, ਵਿਸ਼ਲੇਸ਼ਣ, ਆਟੋਮੇਸ਼ਨ, ਅਤੇ AI-ਤਿਆਰ ਸਮਰੱਥਾਵਾਂ ਦਾ ਵਿਸਤਾਰ ਕਰਨਾ
- ਬੁਨਿਆਦੀ ਟੈਕਨਾਲੋਜੀ ਸੰਬੰਧੀ ਬੁਨਿਆਦੀ ਢਾਂਚੇ ਨੂੰ ਬਣਾਏ ਰੱਖਣਾ ਅਤੇ ਨਵਿਆਉਣਾ

**ਕਲਾ, ਸੱਭਿਆਚਾਰ ਅਤੇ ਵਿਰਾਸਤ ($61 M)**

- ਪੂੰਜੀ ਗ੍ਰਾਂਟ ਪ੍ਰੋਗਰਾਮ ਦੁਆਰਾ ਸੱਭਿਆਚਾਰਕ ਸਥਾਨਾਂ ਦਾ ਸਮਰਥਨ ਕਰਨਾ
- ਫਾਇਰਹਾਲ ਆਰਟਸ ਸੈਂਟਰ ਦਾ ਨਵੀਨੀਕਰਨ ਕਰਨਾ
- ਨਵੇਂ ਕਲਾਕਾਰ ਅਤੇ ਸੰਗੀਤ ਸਟੂਡੀਓ ਲਈ ਜਗ੍ਹਾ ਬਣਾਉਣੀ

**ਜਲਵਾਯੂ ਅਤੇ ਭੂਚਾਲਾਂ ਪ੍ਰਤੀ ਲਚਕੀਲਾਪਣ ($24 M)**

- ਇਮਾਰਤਾਂ ਵਿੱਚ ਊਰਜਾ ਦੀ ਲਾਗਤ ਬਚਾਉਣ ਦੇ ਉਪਾਅ ਲਾਗੂ ਕਰਨੇ
- ਨਵੇਂ EV ਚਾਰਜਿੰਗ ਸਟੇਸ਼ਨ ਸਥਾਪਿਤ ਕਰਨੇ

**ਸੜਕਾਂ ($703 M)**

- ਗ੍ਰੈਨਵਿਲ ਅਤੇ ਕੈਂਬੀ ਪੁਲਾਂ ਦੀ ਮੁਰੰਮਤ ਕਰਨੀ ਅਤੇ ਭੂਚਾਲ ਸੰਬੰਧੀ ਅੱਪਗਰੇਡਾਂ ਨੂੰ ਪੂਰਾ ਕਰਨਾ
- ਸੜਕਾਂ ਅਤੇ ਫੁੱਟਪਾਥਾਂ ਦੀ ਮੁਰੰਮਤ ਅਤੇ ਨਵੀਨੀਕਰਨ
- ਪੈਦਲ ਤੁਰਨ, ਸਾਈਕਲ ਚਲਾਉਣ ਅਤੇ ਆਵਾਜਾਈ ਦੇ ਹੋਰ ਸਰਗਰਮ ਰੂਟਾਂ ਦਾ ਨਿਰਮਾਣ ਅਤੇ ਉਹਨਾਂ ਵਿੱਚ ਸੁਧਾਰ ਕਰਨਾ

**ਨਾਗਰਿਕ ਸਹੂਲਤਾਂ ਅਤੇ ਉਪਕਰਨ ($325 M)**

- ਸਨਸੈੱਟ ਸਰਵਿਸ ਯਾਰਡ ਵਿਖੇ ਪੌਦਿਆਂ ਦੀ ਨਰਸਰੀ ਦੇ ਸੰਚਾਲਨ ਅਤੇ ਸੇਵਾ ਸਪੁਰਦਗੀ ਵਿੱਚ ਸੁਧਾਰ ਕਰਨਾ
- ਮੈਨੀਟੋਬਾ ਯਾਰਡ ਵਿਖੇ ਨਵੀਆਂ ਸੰਚਾਲਨ ਇਮਾਰਤਾਂ ਪ੍ਰਦਾਨ ਕਰਨੀਆਂ
- ਪੁਰਾਣੀਆਂ ਸੰਪਤੀਆਂ 'ਤੇ ਧਿਆਨ ਦੇਣ ਲਈ ਮੌਜੂਦਾ ਬੁਨਿਆਦੀ ਢਾਂਚੇ ਨੂੰ ਬਣਾਏ ਰੱਖਣਾ

**ਰਹਿੰਦ-ਖੂੰਹਦ ਅਤੇ ਊਰਜਾ ਉਪਯੋਗਤਾ ($224 M)**

- ਪ੍ਰਗਤੀਸ਼ੀਲ ਲੈਂਡਫਿਲ ਬੰਦ ਕਰਨ ਦੀਆਂ ਗਤੀਵਿਧੀਆਂ ਨੂੰ ਪੂਰਾ ਕਰਨਾ
- ਨਵੀਂ ਘੱਟ-ਕਾਰਬਨ ਬੇਸਲੋਡ ਅਤੇ ਪੀਕਿੰਗ ਊਰਜਾ ਉਤਪਾਦਨ ਸਮਰੱਥਾ ਨੂੰ ਡਿਜ਼ਾਈਨ ਅਤੇ ਇਨਸਟਾਲ ਕਰਨਾ

**ਰਿਹਾਇਸ਼ ($176 M)**

- ਜ਼ਮੀਨ ਦਾ ਅਧਿਗ੍ਰਹਿਣ ਕਰਨ ਜਾਂ ਵਸਤੂ-ਰੂਪ ਵਿੱਚ ਡਿਲੀਵਰੀ ਰਾਹੀਂ ਨਵੀਆਂ ਸਮਾਜਿਕ ਰਿਹਾਇਸ਼ੀ ਇਕਾਈਆਂ ਪਰ੍ਦਾਨ ਕਰਨੀਆਂ
- ਕਿਫ਼ਾਇਤੀ ਰਿਹਾਇਸ਼ੀ ਇਕਾਈਆਂ ਦੀ ਉਮਰ ਨੂੰ ਬਰਕਰਾਰ ਰੱਖਣਾ ਜਾਂ ਵਧਾਉਣਾ
- ਪ੍ਰੋਜੈਕਟਾਂ ਲਈ ਪੂੰਜੀ ਗ੍ਰਾਂਟਾਂ ਵੰਡਣੀਆਂ

### ਅਗਲੇ ਕਦਮ

ਕੌਂਸਲ 14 ਜੁਲਾਈ ਨੂੰ ਅੰਤਿਮ 2027–2030 ਕੈਪੀਟਲ ਪਲਾਨ 'ਤੇ ਵੋਟ ਪਾਵੇਗੀ। ਡਰ੍ਾਫਟ ਯੋਜਨਾ ਬਾਰੇ ਆਪਣੀ ਫੀਡਬੈਕ ਸਾਂਝੀ ਕਰਨ ਲਈ, 14 ਜੁਲਾਈ ਦੀ ਕੌਂਸਲ ਮੀਟਿੰਗ ਵਿੱਚ ਬੋਲਣ ਲਈ ਸਾਈਨ-ਅੱਪ ਕਰੋ, ਜਾਂ ਆਪਣੀ ਫੀਡਬੈਕ ਸਿੱਧਾ ਮੇਅਰ ਅਤੇ ਕੌਂਸਲ ਨਾਲ ਸਾਂਝੀ ਕਰੋ।

ਅੰਤਮ ਕੈਪੀਟਲ ਪਲਾਨ ਦੇ ਆਧਾਰ 'ਤੇ ਕਰਜ਼ਾ ਲੈਣ ਸੰਬੰਧੀ ਜਨਮਤ-ਸੰਗਰ੍ਹਿ (ਪਲੇਬਿਸਾਈਟ) ਦੇ ਸਵਾਲ ਤਿਆਰ ਕੀਤੇ ਜਾਣਗੇ, ਜੋ ਅਕਤੂਬਰ 2026 ਵਿੱਚ ਹੋਣ ਵਾਲੀਆਂ ਨਗਰ ਨਿਗਮ ਚੋਣਾਂ ਦੇ ਹਿੱਸੇ ਵਜੋਂ ਵੋਟਰਾਂ ਤੋਂ ਪੁੱਛੇ ਜਾਣਗੇ।

ਡਰ੍ਾਫਟ 2027-2030 ਕੈਪੀਟਲ ਪਲਾਨ vancouver.ca/capitalplan 'ਤੇ ਪੜ੍ਹੋ


©2026 City of Vancouver | 26-155